If not delivered
please sent back
to following address
Ladhar Cafe
Near bus stand chowk,
opposite Nest snack
bar, above ATM of Bank
of Maharashtra,
Hoshiarpur, Punjab

# ਲੋਕ ਲੀਡਰ

LOK LEADER

ਹੱਕ ਸੱਚ ਦੀ ਬੁਲੰਦ ਆਵਾਜ਼

Regn No. : PUNMUL/2015/65249 Postal registration : PB-HSP-36/2015-16

ਲੋਕ ਲੀਡਰ
ਸਮਾਚਾਰ ਪੱਤਰ ਅਤੇ
ਵੈਬਸਾਈਟ 'ਤੇ
ਵਿਗਿਆਪਨ ਦੇਣ ਲਈ
ਸੰਪਰਕ ਕਰੋ
ਮੋ. :
98157-24943

ਸਾਲ-04 ਅੰਕ-14 ਸੰਪਾਦਕ-ਰੂਪ ਲਾਲ www.lokleader.com lokleader 7 ਅਕਤੂਬਰ 21 ਅਕਤੂਬਰ 2018 ਮੁੱਲ-5 ਰੁਪਏ

## ਸਹਿਯੋਗੀ ਸੱਜਣ

'ਲੋਕ ਲੀਡਰ' ਅਦਾਰਾ ਆਰਥਿਕ ਮਦਦ ਕਰਨ ਲਈ ਸ੍ਰੀ ਧਰਮਿੰਦਰ ਮਾਨਾ, ਹੁਸ਼ਿਆਰਪੁਰ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੈ। ਲੋਕ ਲੀਡਰ

'ਲੋਕ ਲੀਡਰ' ਅਦਾਰਾ ਆਰਥਿਕ ਸਹਿਯੋਗ ਦੇਣ ਲਈ ਸ੍ਰੀ ਸੁਨੀਲ ਕੁਮਾਰ, ਜਲੰਧਰ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੈ। ਲੋਕ ਲੀਡਰ

## ਅੰਦਰ ਪੜ੍ਹੋ




ਭਾਰਤ 'ਚ ਉੱਚ ਸਿੱਖਿਆ ਪ੍ਰਾਪਤ ਨੌਜਵਾਨ ਸਭ... ਪੇਜ 2



ਚੋਣ ਸਮੀਖਿਆ : ਬਸਪਾ ਦਾ ਗ੍ਰਾਫ ਚੜ੍ਹਿਆ ਤੇ... ਪੇਜ 3


ਪੋਸਟ ਮੈਟ੍ਰਿਕ ਸਕਾਲਰਸ਼ਿਪ : ਪੜ੍ਹਾਈ ਕਰਨ ਦੀ ਜਗ੍ਹਾ... ਪੇਜ 3


ਪ੍ਰਮੋਸ਼ਨ ਵਿੱਚ ਰਾਖਵਾਂਕਰਨ ਤੇ ਓਬੀਸੀ ਦੀ ਵੰਡ ਪੇਜ 4


ਮੰਤਰਾਂ ਨਾਲ ਕੈਂਸਰ, ਬਲੱਡ ਪ੍ਰੈਸ਼ਰ ਤੇ ਡਿਪ੍ਰੈਸ਼ਨ ਦਾ... ਪੇਜ 5


ਮੋਦੀ ਸਰਕਾਰ : ਵੱਡੇ-ਵੱਡੇ ਦਾਅਵੇ ਕਰਨ ਵਿੱਚ... ਪੇਜ 8


## ਸਹਿਯੋਗ ਲਈ ਖਾਤਾ ਨੰਬਰ

LOK LEADER
Union Bank of India
Una road,
Bajwara bhatha,
Distt. Hoshiarpur,
Punjab
408401010031030
IFSC code UBIN
0540846

ਨਿਮਰਤਾ ਸਹਿਤ ਬੇਨਤੀ ਹੈ ਕਿ ਲੋਕ ਲੀਡਰ ਅਦਾਰੇ ਨੂੰ ਚਲਦਾ ਰੱਖਣ ਲਈ ਵਿੱਤੀ ਸਹਾਇਤਾ ਦੀ ਅਤਿ ਜ਼ਰੂਰਤ ਹੈ। ਕਿਰਪਾ ਕਰਕੇ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ।
-ਧੰਨਵਾਦ ਸਹਿਤ

ਮੋ. : 98157-24943
lokleader1@gmail.com

### ਸਾਹਿਬ ਕਾਂਸ਼ੀਰਾਮ ਨੇ ਅੰਦੋਲਨ ਰਾਹੀਂ ਦੱਬੇ ਕੁਚਲੇ ਸਮਾਜ ਦੇ ਲੋਕਾਂ ਨੂੰ ਅਹਿਸਾਸ ਕਰਾਇਆ-ਤੁਸੀਂ ਵੀ ਬਣ ਸਕਦੇ ਹੋ ਦੇਸ਼ ਦੇ ਰਾਜੇ

# 'ਇੱਕ ਦਿਨ ਭੁੱਖਾ ਰਹਿ ਕੇ ਵੀ ਦੇਸ਼ 'ਤੇ ਅਧਿਕਾਰ ਹਾਸਲ ਕਰ ਸਕਦੇ ਨੇ ਬਹੁਜਨ ਸਮਾਜ ਦੇ ਲੋਕ'



ਸਾਹਿਬ ਕਾਂਸ਼ੀਰਾਮ ਦੇ ਪ੍ਰੀਨਿਰਵਾਣ ਦਿਵਸ 'ਤੇ ਵਿਸ਼ੇਸ਼

ਭਾਰਤੀ ਸਮਾਜਿਕ ਵਿਵਸਥਾ ਵਿੱਚ ਸ਼ੂਦਰਾਂ ਨੂੰ ਵੀ ਮਨੁੱਖੀ ਸਨਮਾਨ ਨਾਲ ਜਿਊਣ ਦਾ ਹੱਕ ਹੈ, ਸਭ ਤੋਂ ਪਹਿਲਾਂ ਜਯੋਤੀ ਰਾਓ ਫੂਲੇ ਨੇ ਇਸ ਅਧਿਕਾਰ 'ਤੇ ਦਾਅਵਾ ਪੇਸ਼ ਕੀਤਾ। ਉਨ੍ਹਾਂ ਤੋਂ ਬਾਅਦ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਸ਼ੂਦਰਾਂ ਲਈ ਜ਼ਿੰਦਗੀ ਦੇ ਸਾਰੇ ਖੇਤਰਾਂ ਵਿੱਚ ਬਰਾਬਰੀ ਦਾ ਸੰਵਿਧਾਨਕ ਅਧਿਕਾਰ ਯਕੀਨੀ ਬਣਾਇਆ, ਪਰ ਸ਼ੂਦਰ ਇਸ ਦੇਸ਼ 'ਤੇ ਰਾਜ ਕਰ ਸਕਦੇ ਹਨ, ਇਸਦਾ ਅਹਿਸਾਸ ਸਾਹਿਬ ਕਾਂਸ਼ੀਰਾਮ ਨੇ ਕਰਾਇਆ। ਇਹ ਉਨ੍ਹਾਂ ਦੇ ਹੀ ਅੰਦੋਲਨ ਦਾ

> "ਸਾਹਿਬ ਕਾਂਸ਼ੀਰਾਮ ਦੀ ਰਾਜਨੀਤਕ ਵਿਰਾਸਤ 'ਤੇ ਵਿਚਾਰ ਕਰਦੇ ਹੋਏ ਇਸ ਗੱਲ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਉਹ ਭਾਰਤੀ ਰਾਜਨੀਤੀ ਦੇ ਅਜਿਹੇ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇ ਦੱਬੇ ਕੁਚਲੇ ਵਰਗਾਂ ਨੂੰ ਸ਼ਾਸਕ ਬਣਨ ਦਾ ਨਾ ਸਿਰਫ ਸੁਪਨਾ ਦਿਖਾਇਆ, ਸਗੋਂ ਉਸਨੂੰ ਸਾਕਾਰ ਕਰਨ ਦਾ ਰਾਹ ਵੀ ਦਿਖਾਇਆ।"

ਨਤੀਜਾ ਹੋਇਆ ਕਿ ਬਹੁਜਨ ਸਮਾਜ ਦੇ ਨੁਮਾਇੰਦੇ ਸ਼ਾਸਕ ਬਣ ਸਕੇ।

ਹਾਲਾਂਕਿ ਇਹ ਸਾਰਾ ਇੰਨਾ ਸੌਖਾ ਨਹੀਂ ਸੀ। ਇਸਦੇ ਲਈ ਸਾਹਿਬ ਕਾਂਸ਼ੀਰਾਮ ਨੇ ਜ਼ਮੀਨੀ ਪੱਧਰ 'ਤੇ ਕੰਮ ਕੀਤਾ। 1989 ਉਹ ਸਾਲ ਸੀ, ਜਿਸਨੇ ਭਾਰਤੀ ਰਾਜਨੀਤੀ ਦੀ ਦਸ਼ਾ ਤੇ ਦਿਸ਼ਾ ਦੋਨਾਂ ਨੂੰ ਬਦਲ ਦਿੱਤਾ।

ਮੰਡਲ ਕਮਿਸ਼ਨ ਦੀਆਂ ਸਿਫਾਰਿਸ਼ਾਂ ਲਾਗੂ ਹੋਈਆਂ ਅਤੇ ਫਿਰ ਦੇਸ਼ ਵਿੱਚ ਦਲਿਤ ਬਹੁਜਨਾਂ ਵਿਚਕਾਰ ਏਕਾ ਵੀ ਨਵੇਂ ਰੂਪ ਵਿੱਚ ਸਾਹਮਣੇ ਆਇਆ। ਸਾਹਿਬ ਕਾਂਸ਼ੀਰਾਮ ਖੁਦ ਵੀ ਬਹੁਜਨ ਸਮਾਜ ਪਾਰਟੀ ਨੂੰ ਸਥਾਪਿਤ ਕਰਨ ਲਈ ਦਿਨ-ਰਾਤ ਇੱਕ ਕਰ ਚੁੱਕੇ ਸਨ। ਆਪਣੇ ਭਾਸ਼ਣਾਂ ਵਿੱਚ ਉਹ ਬਹੁਜਨ ਸਮਾਜ ਦੇ ਸਾਹਮਣੇ ਮੌਜੂਦ ਚੁਣੌਤੀਆਂ ਨੂੰ ਪੇਸ਼ ਕਰਦੇ ਸਨ ਅਤੇ ਉਸਦਾ ਹੱਲ ਵੀ ਦੱਸਦੇ ਸਨ। ਉਦਾਹਰਨ ਵੱਜੋਂ ਇੱਕ ਭਾਸ਼ਣ ਵਿੱਚ ਸਾਹਿਬ ਕਾਂਸ਼ੀਰਾਮ ਨੇ ਕਿਹਾ ਕਿ ਜੇਕਰ ਬਹੁਜਨ ਸਮਾਜ ਇੱਕ ਦਿਨ ਭੁੱਖਾ ਰਹਿ ਜਾਵੇ, ਉਸ ਨਾਲ ਵੀ ਦੇਸ਼ 'ਤੇ ਅਧਿਕਾਰ ਹਾਸਲ ਕੀਤਾ ਜਾ ਸਕਦਾ ਹੈ। ਉਨ੍ਹਾਂ ਮੁਤਾਬਕ, ਬਹੁਜਨ

ਬਾਕੀ ਖਬਰ ਪੇਜ 2 'ਤੇ

## ਸਾਹਿਬ ਕਾਂਸ਼ੀਰਾਮ ਨੇ ਚਲਾਇਆ ਆਰਥਿਕ ਮੁਕਤੀ ਅੰਦੋਲਨ

ਸਾਹਿਬ ਕਾਂਸ਼ੀਰਾਮ ਸਮਾਜਿਕ ਨਿਆਂ ਦੇ ਹਮਾਇਤੀ ਤਾਂ ਸਨ ਹੀ, ਨਾਲ ਹੀ ਉਨ੍ਹਾਂ ਨੇ ਆਰਥਿਕ ਨਿਆਂ ਲਈ ਆਰਥਿਕ ਮੁਕਤੀ ਅੰਦੋਲਨ ਵੀ ਚਲਾਇਆ। ਇਸਦੇ ਤਹਿਤ ਦੋ ਮੁਹਿੰਮਾਂ ਭਾਰਤੀ ਕਿਸਾਨ ਮਜ਼ਦੂਰ ਅੰਦੋਲਨ ਤੇ ਭਾਰਤੀ ਸ਼ਰਣਾਰਥੀ ਅੰਦੋਲਨ ਸ਼ੁਰੂ ਕੀਤੇ ਗਏ। ਸਾਹਿਬ ਕਾਂਸ਼ੀਰਾਮ 5 ਤਰ੍ਹਾਂ ਦੇ ਕਿਸਾਨਾਂ ਦੀ ਗੱਲ ਕਹਿੰਦੇ ਸਨ। ਇਨ੍ਹਾਂ ਵਿੱਚ ਪਹਿਲਾ ਬਿਨਾਂ ਜ਼ਮੀਨ ਦੇ ਕਿਸਾਨ, ਦੂਜਾ ਇੱਕ ਜਾਂ ਦੋ ਏਕੜ ਜ਼ਮੀਨ ਵਾਲੇ ਕਿਸਾਨ, ਤੀਜੇ 5 ਜਾਂ 10 ਏਕੜ ਜ਼ਮੀਨ ਵਾਲੇ ਕਿਸਾਨ, ਚੌਥੇ ਉਹ ਜੋ ਕਿ 50 ਜਾਂ 100 ਏਕੜ ਜ਼ਮੀਨ ਵਾਲੇ ਕਿਸਾਨ ਜੋ ਖੁਦ ਜਾਂ ਦੂਜਿਆਂ ਤੋਂ ਖੇਤੀ ਕਰਵਾਉਂਦੇ ਹਨ ਅਤੇ ਪੰਜਵੇਂ ਉਹ ਜਿਨ੍ਹਾਂ ਦੇ ਕੋਲ ਹਜ਼ਾਰਾਂ ਏਕੜ ਜ਼ਮੀਨ ਹੈ, ਪਰ ਉਹ ਖੁਦ ਖੇਤੀ ਨਹੀਂ ਕਰਦੇ ਹਨ। ਸਾਹਿਬ ਕਾਂਸ਼ੀਰਾਮ ਭੂਮੀ ਨੂੰ ਉਤਪਾਦਨ ਦਾ ਸੰਸਾਧਨ ਮੰਨਦੇ ਸਨ ਅਤੇ ਇਸ 'ਤੇ ਬਹੁਜਨਾਂ ਦਾ ਅਧਿਕਾਰ ਯਕੀਨੀ ਬਣਾਉਣਾ ਚਾਹੁੰਦੇ ਸਨ। ਬਹੁਜਨਾਂ ਲਈ ਰੁਜ਼ਗਾਰ ਦੇ ਸਰੋਤ ਦੀ ਸਹੀ ਵੰਡ ਹੋਵੇ, ਇਸਦੇ ਲਈ ਉਨ੍ਹਾਂ ਵੱਡੀ ਮੁਹਿੰਮ ਚਲਾਈ। ਉਹ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਣ ਵਾਲੇ ਮਜ਼ਦੂਰਾਂ ਨੂੰ ਸ਼ਰਣਾਰਥੀ ਮੰਨਦੇ ਸਨ। 1989 ਵਿੱਚ ਜਦੋਂ ਜਨਤਾ ਦਲ ਦੀ ਸਰਕਾਰ ਰਾਜ ਕਰ ਰਹੀ ਸੀ ਅਤੇ ਦਿੱਲੀ ਵਿੱਚ ਗਰੀਬਾਂ ਦੀਆਂ ਝੁੱਗੀਆਂ ਉਜਾੜੀਆਂ ਜਾ ਰਹੀਆਂ ਸਨ, ਉਦੋਂ ਸਾਹਿਬ ਕਾਂਸ਼ੀਰਾਮ ਨੇ ਭਾਰਤੀ ਸ਼ਰਣਾਰਥੀ ਅੰਦੋਲਨ ਚਲਾਇਆ।



# ਐੱਸਸੀ-ਐੱਸਟੀ ਨੂੰ ਪ੍ਰਮੋਸ਼ਨ 'ਚ ਰਾਖਵਾਂਕਰਨ ਮਿਲਣਾ ਸੌਖਾ ਨਹੀਂ

### ਪ੍ਰਮੋਸ਼ਨ 'ਚ ਰਾਖਵਾਂਕਰਨ ਦੇਣ ਤੋਂ ਪਹਿਲਾਂ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਐੱਸਸੀ-ਐੱਸਟੀ ਵਰਗਾਂ ਦੇ ਪੱਛੜੇਪਨ ਸਬੰਧੀ ਅੰਕੜੇ ਇਕੱਠੇ ਕਰਨੇ ਪੈਣਗੇ ਅਤੇ ਜਦੋਂ ਇਹ ਲਾਗੂ ਹੋਵੇਗਾ ਵੀ ਤਾਂ ਦੇਸ਼ ਵਿੱਚ ਮੁਕੱਦਮਿਆਂ ਦਾ ਹੜ੍ਹ ਆ ਜਾਵੇਗਾ

ਪ੍ਰਮੋਸ਼ਨ 'ਚ ਰਿਜ਼ਰਵੇਸ਼ਨ ਨੂੰ ਲੈ ਕੇ ਜਰਨੈਲ ਸਿੰਘ ਤੇ ਹੋਰ ਬਨਾਮ ਲੱਛਮੀ ਨਾਰਾਇਣ ਗੁਪਤਾ ਤੇ ਹੋਰ ਕੇਸ ਵਿੱਚ 26 ਸਤੰਬਰ ਨੂੰ ਸੁਪਰੀਮ ਕੋਰਟ ਦਾ ਇੱਕ ਮਹੱਤਵਪੂਰਨ ਫੈਸਲਾ ਆਇਆ ਹੈ। ਚਾਰ ਸੂਬਿਆਂ ਵਿੱਚ ਵਿਧਾਨਸਭਾ ਚੋਣਾਂ ਅਤੇ 2019 ਦੀਆਂ ਲੋਕਸਭਾ ਚੋਣਾਂ ਤੋਂ ਠੀਕ ਪਹਿਲਾਂ ਆਏ ਇਸ ਫੈਸਲੇ ਦਾ ਅਸਰ ਦੇਸ਼ ਦੀ ਰਾਜਨੀਤੀ 'ਤੇ ਵੀ ਪੈ ਸਕਦਾ ਹੈ। ਪ੍ਰਮੋਸ਼ਨ 'ਚ ਰਿਜ਼ਰਵੇਸ਼ਨ ਨੂੰ ਲੈ ਕੇ ਅਦਾਲਤ ਦੇ ਅੰਦਰ ਤੇ ਬਾਹਰ ਜੋ ਕੁਝ ਚੱਲ ਰਿਹਾ ਹੈ ਅਤੇ ਉਸਦੇ ਰਾਜਨੀਤਕ ਅਸਰ ਨੂੰ ਇਨ੍ਹਾਂ ਤੱਥਾਂ ਦੇ ਰਾਹੀਂ ਸਮਝਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ :-

- ਸਰਕਾਰੀ ਨੌਕਰੀਆਂ 'ਚ ਅਨੁਸੂਚਿਤ ਜਾਤੀ ਤੇ ਜਨਜਾਤੀ ਨੂੰ ਆਬਾਦੀ ਦੇ ਅਨੁਪਾਤ ਵਿੱਚ ਸਿੱਧੀ ਭਰਤੀਆਂ ਤੇ ਪ੍ਰਮੋਸ਼ਨ ਵਿੱਚ ਰਿਜ਼ਰਵੇਸ਼ਨ 1954 ਤੋਂ ਲਾਗੂ ਸੀ। ਇਹ ਰਿਜ਼ਰਵੇਸ਼ਨ ਸੰਵਿਧਾਨ ਦੇ ਅਨੁਛੇਦ 16 (4) ਤਹਿਤ ਦਿੱਤਾ ਜਾਂਦਾ ਸੀ, ਜਿਸ ਵਿੱਚ ਸ਼ਾਸਨ ਨੂੰ ਇਹ ਅਧਿਕਾਰ ਦਿੱਤਾ ਗਿਆ ਕਿ ਜੇਕਰ ਕਿਸੇ ਪੱਛੜੇ (ਬੈਕਵਰਡ) ਵਰਗ ਦੀ ਕਿਸੇ ਸਰਕਾਰੀ ਨੌਕਰੀ ਵਿੱਚ ਯੋਗ ਹਿੱਸੇਦਾਰੀ ਨਹੀਂ ਹੈ ਤਾਂ ਉਨ੍ਹਾਂ ਨੂੰ ਰਿਜ਼ਰਵੇਸ਼ਨ ਦਿੱਤਾ ਜਾ ਸਕਦਾ ਹੈ।
- ਇਸ ਵਿਵਸਥਾ ਦਾ ਲਾਭ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨਜਾਤੀ ਦੇ ਲੋਕਾਂ ਨੂੰ ਮਿਲਿਆ, ਜਿਨ੍ਹਾਂ ਦੀ ਆਬਾਦੀ 2011 ਦੀ ਜਨਗਣਨਾ ਮੁਤਾਬਕ 25.2 ਫੀਸਦੀ ਹੈ। ਮਤਲਬ, ਇਸ ਵਿਵਸਥਾ ਦਾ ਸਬੰਧ ਦੇਸ਼ ਦੇ ਹਰ ਚੌਥੇ ਆਦਮੀ ਨਾਲ ਸਿੱਧੇ ਤੌਰ 'ਤੇ ਹੈ। ਇਹ 30 ਕਰੋੜ ਤੋਂ ਜ਼ਿਆਦਾ ਦੀ ਆਬਾਦੀ ਨੂੰ ਰਾਸ਼ਟਰ ਦੀ ਮੁੱਖ ਧਾਰਾ ਵਿੱਚ ਲਿਆਉਣ ਅਤੇ ਉਨ੍ਹਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਹਿੱਸੇਦਾਰ ਬਣਾਉਣ ਦੀ ਵਿਵਸਥਾ ਹੈ, ਤਾਂਕਿ ਉਨ੍ਹਾਂ ਨੂੰ ਲੱਗੇ ਕਿ ਰਾਜ ਸੱਤਾ ਚਲਾਉਣ ਵਿੱਚ ਉਹ ਵੀ ਸ਼ਾਮਲ ਹਨ। ਸੰਵਿਧਾਨ ਸਭਾ ਨੇ ਰਾਖਵੇਂਕਰਨ ਦੀ ਵਿਵਸਥਾ ਨੂੰ ਇਸੇ ਮਕਸਦ ਨਾਲ ਪਾਸ ਕੀਤਾ ਸੀ।
- ਸਰਕਾਰੀ ਖੇਤਰ ਵਿੱਚ ਰਾਖਵੇਂਕਰਨ ਅਤੇ ਉਸ ਵਿੱਚ ਵੀ ਪ੍ਰਮੋਸ਼ਨ, ਮਤਲਬ ਉਪਰ ਦੀਆਂ ਪੋਸਟਾਂ 'ਤੇ ਰਾਖਵੇਂਕਰਨ ਦਾ ਸਵਾਲ ਇਸ ਲਈ ਵੀ ਮਹੱਤਵਪੂਰਨ ਹੈ, ਕਿਉਂਕਿ ਇਨ੍ਹਾਂ ਨਾਲ ਸਿਰਫ ਦੇਸ਼ ਦਾ ਰਾਜ ਕਾਜ ਚੱਲਦਾ ਹੈ, ਸਗੋਂ ਇਹ ਖੇਤਰ ਦੇਸ਼ ਵਿੱਚ ਪੱਕੀ ਨੌਕਰੀਆਂ ਦਾ ਸਭ ਤੋਂ ਵੱਡਾ ਸਰੋਤ ਵੀ ਹੈ। ਇੰਡੀਅਨ ਲੇਬਰ ਬਿਊਰੋ ਦੇ ਆਖਰੀ

ਬਾਕੀ ਖਬਰ ਪੇਜ 2 'ਤੇ



ਅੰਕੜਿਆਂ ਰਾਹੀਂ ਸਾਬਿਤ ਕਰਨਾ ਹੋਵੇਗਾ ਪੱਛੜਾਪਨ

ਸੁਪਰੀਮ ਕੋਰਟ ਦੇ ਮੌਜੂਦਾ ਫੈਸਲੇ ਵਿੱਚ ਹਾਲਾਂਕਿ ਐੱਸਸੀ-ਐੱਸਟੀ ਦਾ ਪੱਛੜਾਪਨ ਸਾਬਿਤ ਕਰਨ ਲਈ ਅੰਕੜਿਆਂ ਦੀ ਜ਼ਰੂਰਤ ਨੂੰ ਰੱਦ ਕਰ ਦਿੱਤਾ ਗਿਆ ਹੈ, ਪਰ ਨੌਕਰੀਆਂ ਵਿੱਚ ਇਨ੍ਹਾਂ ਵਰਗਾਂ ਦੀ ਘੱਟ ਨੁਮਾਇੰਦਗੀ ਨੂੰ ਅੰਕੜਿਆਂ ਰਾਹੀਂ ਸਾਬਿਤ ਕਰਨਾ ਹੋਵੇਗਾ ਅਤੇ ਇਹ ਅੰਕੜੇ ਨੌਕਰੀਆਂ ਦੇ ਦੇਸ਼ ਭਰ ਦੇ ਜਾਂ ਸੂਬਿਆਂ ਦੇ ਕੰਸੋਲਿਡੇਟਡ ਅੰਕੜੇ ਨਾ ਹੋ ਕੇ ਪੋਸਟਾਂ ਅਤੇ ਕੈਡਰ ਦੇ ਅੰਕੜੇ ਹੋਣਗੇ। ਇਨ੍ਹਾਂ ਅੰਕੜਿਆਂ ਨੂੰ ਅਦਾਲਤਾਂ ਵਿੱਚ ਚੁਣੌਤੀ ਵੀ ਦਿੱਤੀ ਜਾ ਸਕੇਗੀ। ਇਸਦਾ ਮਤਲਬ ਹੈ ਕਿ ਐੱਸਸੀ-ਐੱਸਟੀ ਦਾ ਪ੍ਰਮੋਸ਼ਨ ਵਿੱਚ ਰਾਖਵਾਂਕਰਨ ਤੁਰੰਤ ਲਾਗੂ ਨਹੀਂ ਹੋਣ ਜਾ ਰਿਹਾ ਹੈ। ਇਸਦੇ ਲਈ ਸੂਬਾ ਤੇ ਕੇਂਦਰ ਸਰਕਾਰਾਂ ਨੂੰ ਅੰਕੜੇ ਇਕੱਠੇ ਕਰਨੇ ਪੈਣਗੇ ਅਤੇ ਜਦੋਂ ਇਹ ਲਾਗੂ ਹੋਵੇਗਾ ਵੀ ਤਾਂ ਦੇਸ਼ ਵਿੱਚ ਮੁਕੱਦਮਿਆਂ ਦਾ ਹੜ੍ਹ ਆ ਜਾਵੇਗਾ।

> "ਸੁਪਰੀਮ ਕੋਰਟ ਦੇ ਮੌਜੂਦਾ ਫੈਸਲੇ ਵਿੱਚ ਸਿਰਫ ਦੋ ਚੀਜ਼ਾਂ ਬਦਲੀਆਂ ਹਨ। ਇੱਕ, ਐੱਸਸੀ-ਐੱਸਟੀ ਦਾ ਪੱਛੜਾਪਨ ਵਾਰ-ਵਾਰ ਸਾਬਿਤ ਕਰਨ ਦੀ ਜ਼ਰੂਰਤ ਖਤਮ ਕਰ ਦਿੱਤੀ ਗਈ ਹੈ ਅਤੇ ਦੂਜਾ, ਐੱਸਸੀ-ਐੱਸਟੀ ਵਿੱਚ ਵੀ ਕ੍ਰੀਮੀ ਲੇਅਰ ਲਗਾਉਣ ਦੀ ਬਹਿਸ ਛੇੜ ਦਿੱਤੀ ਗਈ ਹੈ।"

## ਅੰਦੋਲਨ ਦੀ ਰਾਹ 'ਤੇ ਦੇਸ਼ ਦਾ ਅੰਨਦਾਤਾ



ਖੇਤੀਬਾੜੀ, ਜਿਸ 'ਤੇ ਅੱਜ ਵੀ ਦੇਸ਼ ਦਾ ਵੱਡਾ ਹਿੱਸਾ ਆਪਣੀ ਰੋਜ਼ੀ-ਰੋਟੀ ਲਈ ਨਿਰਭਰ ਹੈ, ਦੀ ਹਾਲਤ ਖਰਾਬ ਹੋ ਚੁੱਕੀ ਹੈ। ਆਪਣੇ ਖੂਨ ਪਸੀਨੇ ਨਾਲ ਫਸਲਾਂ ਉਗਾਉਣ ਵਾਲਾ ਕਿਸਾਨ ਮਾੜੇ ਹਾਲਾਤ 'ਚ ਜਿਊਣ ਲਈ ਮਜਬੂਰ ਹੋ ਰਿਹਾ ਹੈ। ਖੇਤਾਂ 'ਚ ਹਲ੍ਹ ਚਲਾਉਣ ਵਾਲਾ ਕਿਸਾਨ ਹੁਣ ਸਰਕਾਰਾਂ ਖਿਲਾਫ ਅੰਦੋਲਨ ਦੀ ਰਾਹ 'ਤੇ ਤੁਰ ਪਿਆ ਹੈ। ਦਿੱਲੀ ਵੱਲ ਜਾਣ ਤੋਂ ਰੋਕੇ ਜਾਣ 'ਤੇ ਇਹ ਕਿਸਾਨ ਪੁਲਸ ਫੋਰਸ ਨਾਲ ਡੰਡਾ ਲੈ ਕੇ ਭਿੜ ਗਿਆ। (ਸਬੰਧਤ ਲੇਖ ਪੇਜ 8 'ਤੇ)

## ਭੀਮਾ ਕੋਰੇਗਾਓਂ ਹਿੰਸਾ ਦੇ ਦੋਸ਼ੀ ਭਿੜੇ ਖਿਲਾਫ ਦੰਗਿਆਂ ਦੇ ਮਾਮਲੇ ਵਾਪਸ!

ਮਹਾਰਾਸ਼ਟਰ ਪੁਲਸ ਨੇ ਹਿੰਦੂ ਸੰਗਠਨ ਦੇ ਨੇਤਾ ਸੰਭਾਜੀ ਭਿੜੇ ਖਿਲਾਫ ਦੰਗਿਆਂ ਦੇ ਮਾਮਲੇ ਵਾਪਸ ਲੈ ਲਏ ਹਨ। ਇਹ ਦਾਅਵਾ ਇੱਕ ਮੀਡੀਆ ਰਿਪੋਰਟ 'ਚ ਕੀਤਾ ਗਿਆ ਹੈ। ਇੱਕ ਖਬਰ 'ਚ ਆਰਟੀਆਈ ਦੇ ਹਵਾਲੇ ਤੋਂ ਦੱਸਿਆ ਗਿਆ ਹੈ ਕਿ ਭਿੜੇ ਤੇ ਉਸਦੇ ਸੰਗਠਨ



ਸ਼ਿਵ ਪ੍ਰਤੀਸ਼ਠਾਨ ਹਿੰਦੂਸਤਾਨ ਖਿਲਾਫ 6 ਮਾਮਲੇ ਦਰਜ ਕੀਤੇ ਗਏ ਸਨ। ਇਹ ਮਾਮਲੇ ਸਾਲ 2008 ਵਿੱਚ ਬਾਲੀਵੁੱਡ ਫਿਲਮ 'ਜੋਧਾ ਅਕਬਰ' ਅਤੇ ਸਾਲ 2009 ਵਿੱਚ ਸ਼ਿਵਾਜੀ ਦੀ ਹੱਤਿਆ 'ਤੇ ਬਣੀ ਫਿਲਮ ਖਿਲਾਫ ਪ੍ਰਦਰਸ਼ਨ ਦੇ ਸਬੰਧ ਵਿੱਚ ਦਰਜ ਕੀਤੇ

ਬਾਕੀ ਖਬਰ ਪੇਜ 2 'ਤੇ

### ਮਾੜੀ ਵਿਵਸਥਾ : ਸਕਾਲਰਸ਼ਿਪ ਸਕੀਮ ਦੇ ਬਾਵਜੂਦ ਐੱਸਸੀ ਵਿਦਿਆਰਥੀਆਂ ਤੋਂ ਮੰਗੀਆਂ ਜਾ ਰਹੀਆਂ ਫੀਸਾਂ, ਕਈਆਂ ਦੀ ਪੜ੍ਹਾਈ ਛੁੱਟੀ

# ਪੋਸਟ ਮੈਟ੍ਰਿਕ ਸਕਾਲਰਸ਼ਿਪ : ਗਏ ਸੀ ਪੜ੍ਹਨ, ਲੱਗੇ ਸੜਕਾਂ 'ਤੇ ਰੁਲਣ

- ਫੀਸਾਂ ਨਾ ਦੇਣ 'ਤੇ ਬੱਚਿਆਂ ਨੂੰ ਪੜ੍ਹਾਈ, ਦਾਖਲੇ ਤੇ ਪ੍ਰੀਖਿਆ ਦੇਣ ਤੋਂ ਰੋਕਿਆ ਜਾ ਰਿਹੈ

ਫਗਵਾੜਾ ਦੀ ਰਹਿਣ ਵਾਲੀ ਜਯੋਤੀ (ਬਦਲਿਆ ਨਾਂ) ਦਾ ਸੁਪਨਾ ਸੀ ਕਿ ਉਹ ਪੜ੍ਹ-ਲਿਖ ਕੇ ਵੱਡਾ ਮੁਕਾਮ ਹਾਸਲ ਕਰੇ। ਉਸਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਹੀ ਪਰਿਵਾਰਕ ਮੈਂਬਰਾਂ ਨੇ ਉਸਦੀ ਜਲੰਧਰ ਹਾਈਵੇ 'ਤੇ ਪੈਂਦੀ ਇੱਕ ਪ੍ਰਾਈਵੇਟ ਯੂਨੀਵਰਸਿਟੀ 'ਚ ਬੀਕਾਮ. 'ਚ ਐਡਮਿਸ਼ਨ ਕਰਵਾਈ ਸੀ। ਦਾਖਲਾ ਮਿਲਣ ਤੋਂ ਬਾਅਦ ਜਯੋਤੀ ਖੁਸ਼ ਸੀ, ਲੱਗਿਆ ਸੀ ਕਿ ਜਿਵੇਂ ਉਸਦੇ ਸੁਪਨਿਆਂ ਨੂੰ ਖੰਭ ਲੱਗ ਗਏ ਹਨ, ਪਰ ਉਸਦੀ ਇਹ ਖੁਸ਼ੀ ਜ਼ਿਆਦਾ ਸਮੇਂ ਤੱਕ ਨਹੀਂ ਰਹਿ ਸਕੀ।



ਜਲੰਧਰ ਦੇ ਐੱਚਐੱਮਵੀ ਕਾਲਜ ਵੱਲੋਂ ਫੀਸਾਂ ਮੰਗੇ ਜਾਣ 'ਤੇ ਰੋਸ ਪ੍ਰਦਰਸ਼ਨ ਕਰਦੀਆਂ ਐੱਸਸੀ ਵਿਦਿਆਰਥਣਾਂ। ਨਾਲ ਹਨ ਬਸਪਾ ਆਗੂ।

ਅਨੁਸੂਚਿਤ ਜਾਤੀ ਵਰਗ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਾਗੂ ਹੋਣ ਦੇ ਬਾਵਜੂਦ ਯੂਨੀਵਰਸਿਟੀ ਨੇ ਉਸ ਤੋਂ 40 ਹਜ਼ਾਰ ਰੁਪਏ ਫੀਸ ਮੰਗ ਲਈ। ਨਿਯਮ ਤਹਿਤ ਯੂਨੀਵਰਸਿਟੀ ਇਹ ਫੀਸ ਮੰਗ ਨਹੀਂ ਸਕਦੀ ਸੀ, ਕਿਉਂਕਿ ਇਹ ਰਕਮ ਉਸਨੂੰ ਸਰਕਾਰ ਕੋਲੋਂ ਮਿਲਣ ਦਾ ਨਿਯਮ ਤੈਅ ਕੀਤਾ ਗਿਆ ਹੈ। ਇਸਦੇ ਬਾਵਜੂਦ ਯੂਨੀਵਰਸਿਟੀ ਪ੍ਰਬੰਧਕਾਂ ਨੇ ਜਯੋਤੀ ਨੂੰ ਕਹਿ ਦਿੱਤਾ ਕਿ ਜੇਕਰ ਉਹ 40 ਹਜ਼ਾਰ ਰੁਪਏ ਦੀ ਫੀਸ ਜਮ੍ਹਾਂ ਕਰਵਾਏਗੀ, ਤਾਂ ਹੀ ਉਸਨੂੰ ਯੂਨੀਵਰਸਿਟੀ ਵਿੱਚ ਪੜ੍ਹਨ ਦਿੱਤਾ ਜਾਵੇਗਾ। ਜਯੋਤੀ ਨੇ ਮਿੰਨਤਾਂ

ਬਾਕੀ ਖਬਰ ਪੇਜ 2 'ਤੇ

## ਪੜ੍ਹਾਈ ਛੱਡ ਕੇ ਪ੍ਰਦਰਸ਼ਨਾਂ ਦੀ ਰਾਹ ਪਏ ਵਿਦਿਆਰਥੀ

ਸੂਬੇ ਵਿੱਚ ਹਜ਼ਾਰਾਂ ਐੱਸਸੀ ਵਿਦਿਆਰਥੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਨੂੰ ਲੈ ਕੇ ਪੜ੍ਹਾਈ ਛੱਡ ਕੇ ਸੜਕਾਂ 'ਤੇ ਪ੍ਰਦਰਸ਼ਨ ਕਰਨ ਲਈ ਮਜਬੂਰ ਹੋ ਰਹੇ ਹਨ। ਬੀਤੇ 3 ਅਕਤੂਬਰ ਨੂੰ ਐੱਸਸੀ ਵਿਦਿਆਰਥੀ ਚੰਡੀਗੜ ਵਿਖੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਕੋਠੀ ਦਾ ਘਿਰਾਓ ਕਰਨ ਪਹੁੰਚੇ। ਉਨ੍ਹਾਂ ਕਿਹਾ ਕਿ ਸਰਕਾਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ 327 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਜਾਰੀ ਕਰੇ, ਤਾਂਕਿ ਵਿਦਿਆਰਥੀਆਂ ਦਾ ਭਵਿੱਖ ਖਰਾਬ ਨਾ ਹੋਵੇ। ਉਨ੍ਹਾਂ ਕਿਹਾ ਕਿ ਫੀਸ ਨਾ ਦੇਣ 'ਤੇ ਵਾਰ-ਵਾਰ ਕਾਲਜ ਵਾਲਿਆਂ ਵੱਲੋਂ ਉਨ੍ਹਾਂ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਜਲੰਧਰ ਦੇ ਐੱਚਐੱਮਵੀ ਕਾਲਜ 'ਚ ਵੀ ਕਾਲਜ ਪ੍ਰਬੰਧਕਾਂ ਵੱਲੋਂ ਵਿਦਿਆਰਥਣਾਂ ਤੋਂ ਫੀਸਾਂ ਮੰਗੀਆਂ ਗਈਆਂ, ਜਿਸਨੂੰ ਲੈ ਕੇ ਵਿਦਿਆਰਥਣਾਂ ਕਈ ਦਿਨਾਂ ਤੱਕ ਕਾਲਜ ਅੱਗੇ ਧਰਨੇ 'ਤੇ ਬੈਠੀਆਂ ਰਹੀਆਂ। ਇਸੇ ਤਰ੍ਹਾਂ ਦੇ ਪ੍ਰਦਰਸ਼ਨ ਸੂਬੇ ਦੇ ਕਈ ਹੋਰ ਜ਼ਿਲ੍ਹਿਆਂ ਵਿੱਚ ਵੀ ਹੋ ਰਹੇ ਹਨ।

## 5 ਸਾਲਾਂ ਤੋਂ ਚੱਲੀ ਆ ਰਹੀ ਹੈ ਸਮੱਸਿਆ

**ਪੋਸਟ ਮੈਟ੍ਰਿਕ** ਸਕਾਲਰਸ਼ਿਪ ਸਕੀਮ 2006-07 'ਚ ਲਾਂਚ ਕੀਤੀ ਗਈ ਸੀ। ਇੱਕ ਰਿਪੋਰਟ ਮੁਤਾਬਕ, ਕਰੀਬ 6 ਸਾਲ ਤੱਕ ਸਭਕੁਝ ਠੀਕ ਰਿਹਾ, ਪਰ ਸਾਲ 2013-14 ਤੋਂ ਪਰੇਸ਼ਾਨੀ ਆਉਣ ਲੱਗੀ। 2014-15 ਤੋਂ ਪੈਸਾ ਰਿਲੀਜ਼ ਹੋਣਾ ਹੀ ਬੰਦ ਗਿਆ। ਇਸ ਕਾਰਨ ਕਾਲਜਾਂ ਤੇ ਯੂਨੀਵਰਸਿਟੀਆਂ ਨੇ ਐੱਸਸੀ ਵਿਦਿਆਰਥੀਆਂ 'ਤੇ ਫੀਸਾਂ ਦਾ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ। ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਤੋਂ ਚੱਲੀ ਆ ਰਹੀ ਇਹ ਪਰੇਸ਼ਾਨੀ ਕਾਂਗਰਸ ਸਰਕਾਰ 'ਚ ਵੀ ਖਤਮ ਨਹੀਂ ਹੋ ਰਹੀ ਹੈ।